# ਚਾਰ ਬ੍ਰਿਤੀਆਂ ਸੱਤ ਕਿਸਮਾਂ ਦੇ ਮਨੁੱਖ ਅਤੇ ਹੱਜ

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲੁ॥
ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥

ਚੋਂਹ ਬ੍ਰਿਤੀਆਂ ਦੇ ਅਨੁਸਾਰ ਸੱਤ ਕਿਸਮਾਂ ਦੇ ਮਨੁੱਖ ਮਿਲਦੇ ਹਨ ਅਤੇ ਇਹਨਾਂ ਨੂੰ ਸਮਝਣ ਨਾਲ ਟਰਿਨਣਿਟੀ ਅਤੇ ਸਾਰਾ ਧਾਰਮਿਕ ਗਿਆਨ ਵੀ ਸਮਝ ਵਿਚ ਆ ਜਾਂਦਾ ਹੈ। ਇਹਨਾਂ ਸੱਤਾਂ ਦੀ ਸਮਝ ਯਾਹੂਦੀਆਂ ਦਾ ਸੱਤ ਬੱਤੀਆਂ ਵਾਲੇ ਮਨੋਰੇ ਨਾਲ ਵੀ ਸਮਝਾਈ ਜਾ ਸਕਦੀ ਹੈ।

1. ਹਉਮੈ ਬ੍ਰਿਤੀ:- ਇਹ ਪਹਿਲੀ ਬ੍ਰਿਤੀ ਹੈ ਅਤੇ ਬੱਚੇ ਏਸ ਬ੍ਰਿਤੀ ਦੇ ਹੁੰਦੇ ਹਨ। ਇਹ ਸੁਰਤੀ ਵਾਲੇ ਨਾ ਹੋਣ ਕਰਕੇ ਇਹਨਾਂ ਨੂੰ "ਇਕੀਜਾ" ਵੀ ਆਖਿਆ ਜਾਂਦਾ ਹੈ ਅਤੇ ਇਹਨਾਂ ਨੂੰ ਗਲਤੀ ਮੁਆਫ ਕੀਤੀ ਜਾਂਦੀ ਹੈ ਜਿਵੇਂ ਕਿ ਚਾਲੀ ਮੁੱਕਤੇ ਮੂਰਖਤਾਈ ਵਿਚ ਅੰਮ੍ਰਿਤ ਛੱਕ ਕੇ ਖਾਲਸੇ ਬਣ ਗਏ ਸਨ ਪਰ ਜਦੋਂ ਭੁੱਖੇ ਰਹਿਣਾ ਪਇਆ ਤਾਂ "ਰਜੋ" ਗੁਣ ਦੇ ਅਨੁਸਾਰ ਇਹ ਦੌੜ ਆਏ ਸਨ। ਭਾਵ ਕਿ ਮੂਰਖ ਦੇ "ਢਿੱਡ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ" ਦੇ ਅਨੁਸਾਰ ਚੱਲਦੇ ਹਨ ਪਰ ਜਦ ਮਾਈ ਭਾਗੋ ਜੀ ਨੇ ਲੱਖ ਲਾਹਨਤ ਪਾਈ ਤਾਂ ਇਹ ਫਿਰ ਖੂਬ ਲੜੇ ਅਤੇ ਮੁਆਫੀ ਕਮਾ ਕੇ ਮੁਕੱਤ ਦਾਨ ਵੀ ਪਾ ਗਏ ਸਨ।

ਏਸ ਬ੍ਰਿਤੀ ਦੇ ਲੋਕ ਪਿੰਡਾਂ ਵਿਚ ਆਮ ਮਿਲਣ ਗੇ ਅਤੇ ਸੁਰਤੀ ਨਾ ਹੋਣ ਕਰਕੇ ਇਹ ਆਪਸ ਵਿਚ ਹੀ ਲੜਦੇ ਮਰਦੇ ਅਤੇ ਭਿੜਦੇ ਰਹਿੰਦੇ ਹਨ ਅਤੇ ਫਿਰ ਕਚਿਰੀਆਂ ਵਿਚ ਧੱਕੇ ਖਾਂਦੇ ਫਿਰਦੇ ਹਨ। ਇਹਨਾਂ ਬਾਰੇ ਮਸ਼ਹੂਰ ਹੈ:-

ਮੂਰਖ ਦੀ ਸ਼ਾਹ ਬਿਨਾ ਪੱਤ ਨਹੀਂ ਅਤੇ (ਬ੍ਰਾਹਮਣ) ਗੁਰੂ ਬਿਣਾ ਗੱਤ ਨਹੀਂ
ਮੂਰਖ ਨੂੰ ਆਪਣੀ ਅੱਕਲ ਅਤੇ ਪਰਾਇਆ ਧੰਨ ਵੱਡਾ ਲਗਦਾ ਹੈ।

ਮੂਰਖਾਂ ਵਿਚੋਂ ਜੱਟ ਕੌਮ ਦੇ ਲੋਕ ਇਕ ਨੰਬਰ ਤੇ ਹਨ ਅਤੇ ਏਸੇ ਕਰਕੇ ਬਾਣੀ ਵਿਚ ਵੀ ਮੂਰਖ ਦੀ ਮਸਾਲ "ਜੱਟ" ਦੇ ਨਾਲ ਹੀ ਦਿੱਤੀ ਜਾਂਦੀ ਹੈ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥

ਹਰਿਆਣੇ ਵਿਚ ਇਹਨਾਂ ਜੱਟਾਂ ਦਾ ਸੁਭਾ ਇੰਜ ਦੱਸਿਆ ਜਾਂਦਾ ਹੈ:-

"ਜਾਟੜਾ ਸਾ ਕਾਟੜਾ ਆਪਣਾ ਹੀ ਘਰ ਘਾਲੇ ਸੇ"।

ਜਿਵੇਂ ਬੱਚੇ ਸਾਫ ਦਿੱਲਾਂ ਦੇ ਹੁੰਦੇ ਹਨ ਇਵੇਂ ਹੀ ਪਿੰਡਾਂ ਦੇ ਲੋਕ ਵੀ ਆਮ ਸਾਫ ਦਿੱਲਾਂ ਦੇ ਭੋਲੇ ਭਾਲੇ ਹੁੰਦੇ ਹਨ ਅਤੇ ਜੇ ਕੋਈ ਇਹਨਾਂ ਵਿੱਚੋਂ ਸੁਰਤੀ ਵਾਲਾ ਹੋਵੇ ਅਤੇ ਬੇਈਮਾਨ ਨਾ ਹੋਵੇ ਤਾਂ ਉਹ ਬਾਣੀ ਦੀ ਸਮਝ ਪਾ ਕੇ ਇਹਨਾਂ ਵਿਚ ਸਿੱਖੀ ਦਾ ਪ੍ਰਚਾਰ ਖੂਬ ਕਰ ਸਕਦਾ ਹੈ ਜਿਵੇਂ ਕਿ ਤੁਸੀ ਮੈਨੂੰ ਪੇਖੋ ਗੇ।

## *ਚਾਰ ਬ੍ਰਿਤੀਆਂ ਅਤੇ ਹੱਜ*

ਮੂਰਖ ਦੇ ਵਿਚ "ਚੌਧਰ" ਦਾ ਬੜਾ ਸ਼ੌਕ ਹੁੰਦਾ ਹੈ ਅਤੇ ਐਦਾਂ ਦੇ ਮੂਰਖ ਜੱਦੋਂ ਚੱਤਰ ਚਲਾਕਾਂ ਦੇ ਹੱਥ ਚੜ੍ਹ ਜਾਂਦੇ ਹਨ ਤਾਂ ਉਹ ਇਹਨਾਂ ਮੂਰਖਾਂ ਦਾ ਖ਼ੂਬ ਮਖੌਲ ਉਡਾਉਂਦੇ ਹਨ ਅਤੇ ਵਡਿਆ ਕੇ ਖ਼ੂਬ ਫਾਇਦਾ ਵੀ ਉਠਾਉਂਦੇ ਹਨ। ਕਿੰਨਾ ਕੁ ਬੇਵਾਕੂਫ ਬਣਾਉਂਦੇ ਹਨ ਏਸ ਦਾ ਵੇਰਵਾ ਇੰਜ ਹੈ:-

ਛੋਟੇ ਚੌਧਰੀ ਮੂਰਖਤਾਈ ਵਿਚ ਆਪਣਾ ਗੋਤ ਛੱਡ ਕੇ ਆਪਣੇ ਪਿੰਡ ਦਾ ਨਾਓ ਲਿੱਖਣ ਲੱਗ ਪੈਂਦੇ ਹਨ। ਹੁਣ ਆਪਣੇ ਪਿੰਡ ਦਾ ਨਾਓ ਉਹ ਲਿਖਦਾ ਹੈ ਜਿਹੜਾ ਆਦਮੀ ਪਿੰਡ ਦੀ ਇਕ ਕੰਜਰੀ ਦੇ ਪੇਟੋਂ ਪੇਦਾ ਹੋਇਆ ਹੋਵੇ ਕਿਉਂਕਿ ਕੰਜਰੀ ਨੂੰ ਏਸ ਮੁੰਡੇ ਦੇ ਪਿਓ ਦਾ ਪੱਕਾ ਪਤਾ ਨਹੀਂ ਹੁੰਦਾ ਅਤੇ ਉਹ ਇਹਦਾ ਨਾਓ ਸਿਰਫ ਪਿੰਡ (ਮਾਂ) ਦੇ ਨਾਓ ਤੇ ਹੀ ਰੱਖ ਸਕਦੀ ਹੈ। ਭਾਵ ਕਿ ਇਹ ਮੂਰਖ ਆਪਣੇ ਪਿਓ ਦਾ ਗੋਤ ਛੱਡ ਕੇ ਆਪਣੀ ਹੀ ਮੂਰਖਤਾਈ ਵਿਚ ਇਕ ਕੰਜਰੀ ਦੇ ਪੇਟੋਂ ਹੋ ਕੇ ਬੁਹਤ ਖੁਸ਼ ਹੁੰਦੇ ਅਤੇ ਫੁਲੇ ਨਹੀਂ ਸਮਾਉਂਦੇ ਹਨ ਅਤੇ ਆਪਣੀ ਵਿਚਾਰੀ ਮਾਂ ਦੀ ਵੀ ਬੇਇਜਤੀ ਕਰਦੇ ਹਨ। ਹੁਣ ਜਿਹੜਾ ਮੂਰਖ ਆਪਣੇ ਸ਼ਹਿਰ ਦਾ ਨਾਓ ਲਿੱਖਦਾ ਹੈ ਉਹਦੀ ਮੂਰਖਤਾਈ ਦਾ ਤਾਂ ਤੁਸੀ ਆਪ ਹੀ ਅੰਦਾਜਾ ਲਗਾਓ। ਇਹਨੂੰ ਕਹਿੰਦੇ ਹਨ:-

ਹਉਮੈਂ ਵਿਚਿ ਜਾਤੀ ਜਿਨਸੀ ਖੋਵੇ॥

ਹੁਣ ਏਸ ਕਿਸਮ ਦੇ ਲੋਕ ਅਕਾਲ ਤਖਤ ਦੇ ਜੱਥੇਦਾਰ ਬਣੇ ਬੈਠੇ ਹਨ। ਆਪਣੀਆਂ ਜਾਤਾਂ ਦੇ ਦੁਨੀਆਵੀ ਪਿਉਆਂ ਦਾ ਤਾਂ ਪਤਾ ਨਹੀਂ ਪਰ ਬੈਠੇ ਹਨ ਓਸ ਥਾਂ ਤੇ ਜਿਹੜਾ ਕਿ ਦੁਨਿਆ ਭਰ ਸਾਰੀਆਂ ਧਾਰਮਕ ਅਸਥਾਨਾਂ ਵਿਚੋਂ ਮਹਾਂ ਪਵਿਤਰ ਹੈ। ਯਾਦ ਰਖੋ ਕਿ ਇਹ ਅਕਾਲ ਤਖਤ ਚੌਥੇ ਪੰਥ ਦੇ ਨਿਰਮੱਲੇ ਸੰਤਾਂ ਦਾ ਤਖਤ ਹੈ ਨਾ ਕਿ ਤੀਸਰੇ ਪੰਥ ਦੇ ਖਾਲਸਿਆਂ ਦਾ। ਇਹਨੂੰ ਕਹਿੰਦੇ ਹਨ ਆਪਣੇ ਪਿਓ ਦਾ ਤਾਂ ਪਤਾ ਹੀ ਨਹੀਂ ਪਰ ਅਕਾਲ ਪੁਰਖ ਦੇ ਠੇਕੇਦਾਰ ਬਣੀ ਬੈਠੇ ਹਨ। ਭਾਵ ਕਿ "ਬਾਂਦਰਾਂ ਨੂੰ ਬਨਾਰ ਦੀਆਂ ਟੌਪੀਆਂ" ਅਤੇ ਏਦਾਂ ਦਿਆਂ ਲੋਕਾਂ ਤੋਂ ਤੁਸੀਂ ਕੀ ਸਿੱਖੋ ਗੇ? ਯਾਦ ਰੱਖੋ ਨਾ ਹੀ ਖਾਲਸੇ ਅਤੇ ਨਾ ਹੀ ਨਿਰਮੱਲੇ ਸੰਤ ਗਹਰਿਸਤੀ ਹੁੰਦੇ ਹਨ ਬਲਕਿ ਇਹ ਅਕਾਲ ਪੁਰਖ ਦੇ ਦੁਬਦਾ ਤੋਂ ਰਹਿਤ "ਕਾਮੇ" ਅਤੇ "ਢੰਡੋਰਚੀ" ਹੁੰਦੇ ਹਨ।

ਹੁਣ ਮੂਰਖ ਦੋ ਕਿਸਮਾਂ ਦੇ ਹੁੰਦੇ ਹਨ। ਉਹ ਜਿਹਨਾਂ ਨੂੰ ਆਪਣੇ ਖਾਨਦਾਨ ਦੀ ਸ਼ਰਮ ਹੁੰਦੀ ਹੈ ਅਤੇ ਉਹ ਕਿਸੇ ਨੂੰ ਦੁਖੀ ਨਹੀਂ ਕਰਦੇ ਅਤੇ ਆਪਣੇ ਆਪਣੇ ਪਿਓਆਂ ਦੇ ਬਣੇ ਰਹਿੰਦੇ ਹਨ ਭਾਵ ਆਪਣੀ ਜਾਤੀ ਜਾਂ ਗੋਤ ਨਹੀਂ ਛੱਪਾਉਂਦੇ ਉਹਨਾਂ ਨੂੰ "ਦੇਵਤਾ" ਜਾਂ "ਹੋਲੀ ਸਨ" ਕਹੀਦਾ ਹੈ। ਅਤੇ ਉਹ ਜਿਹੜੇ ਆਪਣੀ ਜਾਤ ਦੇ ਪਿਓਆਂ ਨੂੰ ਛੱਡ ਕੇ ਸਿੱਖ ਜਾਂ ਹਿੰਦੂ ਆਦਿ ਕੌਮਾਂ ਬਣਾ ਲੈਂਦੇ ਹਨ ਅਤੇ ਜਾਨੂਨੀ ਬਣ ਕੇ ਫਸਾਦਾਂ ਆਦਿ ਵਿਚ ਭਾਗ ਲੈਂਦੇ ਹਨ ਉਹਨਾਂ ਨੂੰ ਕਹੀਦਾ ਹੈ ਸ਼ੰਕਰ ਵਰਨੀਏ "ਅੱਤਵਾਦੀ" ਜਾਂ "ਈਵਲ ਸਨ"। ਸੋਲ ਜਹਿੜਾ ਕਿ ਜੀਜ਼ਜ਼ ਦੇ ਚੇਲਿਆਂ ਨੂੰ ਮਾਰਦਾ ਸੀ "ਈਵਲ ਸਨ" ਦੀ ਇਕ ਮਹਾਨ ਹਸਤੀ ਸੀ ਅਤੇ ਮੂਰਖ ਨੂੰ ਮੁਆਫੀ ਮਿਲਣ ਕਰਕੇ ਜੀਜ਼ਜ਼ ਨੇ ਇਕ ਚਮਤਕਾਰ ਰਾਹੀਂ ਏਸ ਨੂੰ ਸਿੱਧੇ ਰਾਹ ਤੇ ਪਾਇਆ ਸੀ। ਇਹ ਅੱਤਵਾਦੀ ਦੁਬਦਾ ਤੋਂ ਰਹਿਤ ਸੀ। ਏਸ ਦੇ ਬਾਦ ਇਸ ਨੇ ਆਪਣਾ ਨਾਓ ਸੋਲ "ਮਗ਼ਰੂਰ" ਤੋਂ ਪੋਲ "ਹਲੀਮੀ ਵਾਲਾ" ਬੱਦਲ ਲਇਆ ਅਤੇ ਮੁਆਫੀ ਕਮਾਉਣ ਲਈ ਏਸ ਨੇ ਖ਼ੂਬ ਪ੍ਰਚਾਰ ਕੀਤਾ ਸੀ।

ਮੂਰਖ ਦਾ ਸਭਾਓ "ਉਤਭੁਜ" ਖਾਣੀ ਵਾਲਾ ਹੁੰਦਾ ਹੈ ਅਤੇ ਏਸ ਬ੍ਰਿਤੀ ਸਬੰਧੀ ਤੁਕ ਹੈ:-

ਸੋਚੈ ਸੋਚਿ ਨ ਹੋਵਈ ਜੈ ਸੋਚੀ ਲਖ ਵਾਰ॥

ਭਾਵ ਕਿ ਹਾਉਮੈ ਬ੍ਰਿਤੀ ਦੇ ਇੰਸਾਨਾਂ ਨੂੰ ਸੁਰਤੀ, ਕਾਮਣ ਸੇਂਸ ਜਾਂ "ਹੋਲੀ ਸਪ੍ਰਿਟ", ਨਾ ਹੋਣ ਕਰਕੇ ਇਹ ਸਤਿਗੁਰੂ ਦੀ ਬਾਣੀ ਜਹਿੜਾ ਕਿ ਸੁਰਤੀ ਉਪਦੇਸ਼ ਹੈ ਨੂੰ ਸਮਝ ਨਹੀਂ ਸਕਦੇ ਭਾਵੇਂ ਉਹ ਜਿੰਨੇ ਮਰਜ਼ੀ ਜਤਨ ਕਰਨ।

# *ਚਾਰ ਬ੍ਰਿਤੀਆਂ ਅਤੇ ਹੱਜ*

ਏਥੇ ਹੱਜ ਦੇ ਚਾਰ ਸ਼ੈਤਾਨ ਵੀ ਬੜੀ ਇਹਸਾਨੀ ਨਾਲ ਸਮਝੇ ਜਾ ਸਕਦੇ ਹਨ। ਸ਼ੈਤਾਨ ਦੇ ਪੁਤਰ ਹਰਾਮੀ ਜਾਂ ਸ਼ੰਕਰ ਵਰਨੀਏ ਹੁੰਦੇ ਹਨ ਜਿਵੇਂ ਕਿ ਅੱਤਵਾਦੀ ਆਪਣੇ ਜਾਤਾਂ ਦੇ ਪਿਓ ਸਿੱਖ, ਹਿੰਦੂ, ਆਦਿ ਨਾਲ ਬਦਲਣ ਨਾਲ ਆਪਣੀ ਹੀ ਮੂਰੱਖਤਾਈ ਵਿਚ ਖੁੱਦ ਸ਼ੰਕਰ ਵਰਨੀਏ ਬਨਦੇ ਹਨ। ਏਸੇ ਤਰ੍ਹਾ ਹੀ ਉਹ ਹਰਾਮੀ ਜਿਹੜੇ ਕਿ ਕੰਜਰੀਆਂ ਦੇ ਪੇਟਾਂ ਵਿਚੋਂ ਪੈਦਾ ਹੁੰਦੇ ਹਨ ਜਾਂ ਮੰਦਰਾਂ ਦੀਆਂ ਦਾਸੀਆਂ ਦੇ ਜੰਮਦੇ ਹਨ।

ਹੁਣ ਜਿਹੜੇ ਕੰਜਰੀਆਂ ਦੇ ਮੁੰਡੇ "ਕੰਜਰ" ਹੁੰਦੇ ਹਨ ਉਹਨਾਂ ਦਾ ਝਕਾਓ ਆਮ ਤੌਰ ਤੇ ਸ਼ੈਤਾਨੀਆਂ ਵੱਲ ਹੀ ਹੁੰਦਾ ਹੈ ਅਤੇ ਇਹਨਾਂ ਦੇ ਨਾਓ ਦਾ ਬੁਤ ਹੈ "ਅੱਲ ਜਮਾਰ ਅੱਲ ਦੁਨੀਆ" ਅਤੇ ਇਹ ਬੁਤ "ਪੂਰਬ", ਈਸਟ, ਦੱਸ਼ਾ ਵੱਲ ਬਨਾਇਆ ਹੋਇਆ ਹੈ। ਯਾਦ ਰਖੋ ਕਿ ਪੂਰਬ ਸੂਰਜ ਚੜਣ ਦੀ ਦੱਸ਼ਾ ਹੋਣ ਕਰਕੇ ਇਹ ਉਹ ਸਮਾ ਵੀ ਹੈ ਜਦੋਂ ਧਾਰਮਿਕ ਰੌਸ਼ਨੀ ਹੁੰਦੀ ਹੈ ਪਰ "ਕਾਮ" ਕਰਕੇ ਓਦੋਂ ਵੀ ਅੱਜ ਵਾਂਗ ਕੰਜਰੀਆਂ ਦੇ ਮੁੰਡੇ ਪੈਦਾ ਹੁੰਦੇ ਸਨ। ਦਾਸੀਆਂ ਦੇ ਮੁੰਡੇ ਵੀ ਇਹਨਾਂ ਵਾਂਗ ਹੁੰਦੇ ਹਨ ਪਰ ਉਹ ਅਤੇ ਕੰਜਰੀਆਂ ਦੇ ਪੇਟੋ ਪੈਦਾ ਹੋਏ ਮੁੰਡੇ ਜੇ ਆਪਣੀ ਜ਼ਿੰਦਗੀ ਧਾਰਮਿਕ ਸੇਵਾ ਵਿਚ ਲਾ ਦੇਣ ਅਤੇ ਸ਼ਾਦੀ ਨਾ ਕਰਾਉਣ ਤਾਂ ਉਹ ਇਕ ਮਹਾਨ ਪੰਡਤ ਬਣ ਸਕਦੇ ਹਨ ਅਤੇ ਸੁਰਤੀ ਵਾਲਿਆਂ ਲੋਕਾਂ, "ਬ੍ਰਡਜ਼ ਆਫ ਦੀ ਏਰ", ਨੂੰ ਧਾਰਮਿਕ ਗਿਆਨ ਦੇ ਸਕਦੇ ਹਨ। ਜੀਜ਼ਜ਼ ਨੇ ਇਹਨਾਂ ਗਿਆਨੀਆਂ ਜਾਂ ਪੰਡਤਾਂ ਨੂੰ ਇਕ ਰਾਈ ਦੇ ਦਾਣੇ ਨਾਲ ਤਸ਼ਰੀਹ ਦਿੱਤੀ ਹੈ ਕਿਉਂਕਿ ਇਹਨਾਂ ਦੀ ਕੋਈ ਜਾਤ ਨਹੀਂ ਹੁੰਦੀ ਅਤੇ ਦੱਸਿਆ ਹੈ ਕਿ ਜੇ ਉਹ ਆਪਣੀ ਜ਼ਿੰਦਗੀ ਧਾਰਮਿਕ ਗਿਆਨ ਵਿਚ ਲਾ ਦੇਣ ਤਾਂ ਉਹ ਇਕ ਮਹਾਨ ਪੰਡਤ ਬਣ ਕੇ (ਵੱਡਾ ਪੋਦਾ) ਸੁਰਤੀ ਵਾਲਿਆਂ (ਪਰਿੰਦਿਆਂ) ਨੂੰ ਧਾਰਮਿਕ ਗਿਆਨ ਦੇ ਸਬਕ ਦਿੰਦੇ ਹਨ। ਏਸ ਲਈ ਦਾਸੀਆਂ ਦੇ "ਪੰਡਤ" ਮੁੰਡਿਆਂ ਨੂੰ "ਹਰੀਜਨ" ਵੀ ਆਖੀਦਾ ਹੈ ਜਿਵੇਂ ਕਿ ਅਕਾਲ ਪੁਰਖ ਦੇ ਭਗਤਾਂ ਨੂੰ "ਹਰਜਨ" ਕਹੀਦਾ ਹੈ। ਭਾਵ ਕਿ ਹਰੀ ਓਮ ਸ਼ਾਂਤੀ ਤੋਂ "ਹਰੀਜਨ" ਅਤੇ ਹਰਿ ਏਕਮ ਕਾਰ ਤੋਂ "ਹਰਜਨ" ਹੁੰਦਾ ਹੈ।

ਭਾਵ ਕਿ ਹਉਮੈ ਬ੍ਰਿਤੀ ਦੇ ਦੋ ਕਿਸਮ ਦੇ ਲੋਕ ਹਨ:-

1. ਜਿਹੜੇ ਕਿ ਦੁਨੀਆਵੀ ਮੁਰਯਾਦਾ ਦਾ ਪਾਲਣ ਕਰਦੇ ਹਨ ਉਹ ਹਨ "ਦੇਵਤਾ" ਜਾਂ "ਹੋਲੀ ਸਨ" ਜਿਵੇਂ ਕਿ ਬੁਹਤ ਸਾਰੇ ਸਤਿਗੁਰੂਆਂ ਦੇ ਨਾਓ "ਦੇਵ" ਸਨ ਅਤੇ

2. ਜਿਹੜੇ ਸ਼ੈਤਾਨਾਂ ਦੇ ਇੜੱਕੇ ਚੜ੍ਹ ਕੇ ਜਾਂ ਦੁਨੀਆਵੀ ਮੁਰਯਾਦਾ ਦੇ ਉਲਟ ਚਲਦੇ ਹਨ ਉਹ ਹਨ ਸ਼ੰਕਰ ਵਰਨੀਏ ਅੱਤਵਾਦੀ, "ਈਵਲ ਸਨ"।

ਹੁਣ ਦੇਵਤਿਆਂ ਅਤੇ ਉਹ ਅੱਤਵਾਦੀ ਜਿਹੜੇ ਕਿ ਦੁਬਧਾ ਤੋਂ ਰਹਿਤ ਹੋਣ ਦੇ ਉਤੇ ਜੇ "ਰਾਮ" ਦੀ ਮਹਿਰ ਹੋਵੇ, "ਬਲ ਰਾਮ ਜੀਓ", ਤਾਂ ਸੁਰਤੀ ਨਾਲ ਉਹ ਪਾਰ ਬ੍ਰਹਮ ਪਰਮੇਸ਼ਰ ਨੂੰ ਅੰਤਰ ਸਤਿਗੁਰੂ ਪਾਕੇ "ਨਾਮ" ਰਾਹੀਂ ਪਾ ਸਕਦੇ ਹਨ।

ਅੰਤਰ ਸਤਿਗੁਰੂ (ਆਪਣਾ ਸਤਿਗੁਰੂ) ਅਰਾਦੀਏ ਜੀਵਾ ਜੱਪੇ ਨਾਮ

ਏਦਾਂ ਦੇ ਲੋਕ ਵਿਰਲੇ ਹੀ ਹੁੰਦੇ ਹਨ ਅਤੇ ਮਨ ਦੇ ਅੰਨ੍ਹੇ ਇਹਨਾਂ ਦਾ ਖੂਬ ਮਖੌਲ ਉਡਾਉਂਦੇ ਹਨ ਜਿਵੇਂਕਿ ਮੇਰਾ ਅਤੇ ਮੇਰੇ ਪਿਓ ਦਾ।

2. ਮਨ ਬ੍ਰਿਤੀ:- ਮਨ ਦੇ ਅੰਨ੍ਹੇ ਬੁਹ ਗਿਣਤੀ ਵਿਚ ਹੁੰਦੇ ਹਨ ਅਤੇ ਇਹਨਾਂ ਦਾ ਅੰਦਾਜ਼ਾ ਤੁਸੀਂ ਧਾਰਮਿਕ ਅੱਸਥਾਨਾਂ ਤੇ ਲਾ ਸਕਦੇ ਹੋ। ਮਿਸਾਲ ਦੇ ਤੌਰ ਗੁਰਦਵਾਰਿਆਂ ਦੇ ਗ੍ਰੰਥੀ ਆਮ ਤੌਰ ਤੇ ਮਹਾਂ ਲਾਲਚੀ ਮਾਇਆ ਧਾਰੀ ਮਨ ਦੇ

## ਚਾਰ ਬ੍ਰਿਤੀਆਂ ਅਤੇ ਹੱਜ

ਕਾਣੇ ਸਾਈਕਿਕ "ਤੁਰਕੂ" ਹੁੰਦੇ ਹਨ ਅਤੇ ਮਨ ਦੇ ਅੰਨ੍ਹੇ ਲੋਕ ਇਹਨਾਂ ਤੋਂ ਅਰਦਾਸ ਪੈਸੇ ਦੇ ਕੇ ਦੁਬਧਾ ਤੋਂ ਰਹਿਤ ਅਕਾਲ ਪੁਰਖ ਮੋਹਰੇ ਕਰਾਉਂਦੇ ਹਨ। ਭਾਵਕਿ ਗ੍ਰੰਥੀ ਨੂੰ ਤਾਂ ਮਾਇਆ ਦੀ ਸਾਰ ਹੈ ਨਾ ਕਿ ਅਕਾਲ ਪੁਰਖ ਦੀ। ਸੁਰਤੀ ਵਾਲੇ ਏਸ ਚੀਜ਼ ਨੂੰ ਜਾਣਦੇ ਹਨ ਅਤੇ ਉਹ ਇਹ ਅਰਦਾਸ ਆਦਿ ਨਹੀਂ ਕਰਾਉਂਦੇ ਹਨ ਕਿਉਂਕਿ ਅਕਾਲ ਪੁਰਖ ਤਾਂ ਅੰਤਰ ਜਾਮੀ ਹੁੰਦਾ ਹੈ। ਹੋਰ ਕਈ ਚੀਜ਼ਾਂ ਮਰਯਾਦਾ ਦੇ ਉਲਟ ਹੁੰਦੀਆਂ ਹਨ ਪਰ ਮਨ ਦੇ ਅੰਨ੍ਹੇ ਇਹਨਾਂ ਤੇ ਵਿਚਾਰ ਨਹੀਂ ਕਰ ਸਕਦੇ ਅਤੇ ਲਕੀਰ ਦੇ ਫਕੀਰ ਹੀ ਹੁੰਦੇ ਹਨ।

ਮਨ ਜਾਗਿਆਂ ਲੋਕਾਂ ਬਾਰੇ ਭਗਤ ਕਬੀਰ ਜੀ ਕਹਿੰਦੇ ਹਨ:-

ਕਬੀਰ ਮਨ ਤੋ ਏਕ ਹੈ ਚਾਹੇ ਜਹਾਂ ਲਗਾਏ।।<br>ਕੈ ਸੇਵਾ ਕਰ ਸਾਧ ਕੀ ਕੈ ਵਿਸ਼ੈ ਕਮਾਏ।।

ਮਨ ਦਾ ਸਬੰਧ "ਅੰਡਜ" ਖਾਨੀ ਨਾਲ ਹੋਣ ਕਰਕੇ ਇਹ ਮਨ ਅੰਡੇ ਵਿਚੋਂ ਪੈਦਾ ਹੋਈਆਂ ਚੀਜ਼ਾਂ ਭਾਵ ਕਿ ਜੀਵ ਜੰਤਰ ਵਾਂਗ ਬਹੁਤ ਹੀ ਫੁਰਤੀਲਾ ਅਤੇ ਹੋਸ਼ਿਆਰ ਹੁੰਦਾ ਹੈ। ਏਸ ਲਈ ਬਾਈਬਲ ਵਿਚ ਮਨ ਦੇ ਜਾਗੇ ਲੋਕਾਂ ਨੂੰ "ਪਰੰਦਿਆਂ" ਨਾਲ ਵੀ ਤਸ਼ਰੀਹ ਦਿੱਤੀ ਹੈ। ਜਿਵੇਂ ਅੰਡੇ ਵਿਚੋਂ ਪੈਦਾ ਹੋਏ ਸੱਪ ਨੁਕਸਾਨ ਦੇਹ ਵੀ ਹੁੰਦੇ ਹਨ ਇਵੇਂ ਹੀ ਲੋਕਾਂ ਨੂੰ ਲੁੱਟਣ ਵਾਲੇ ਚਤਰ ਚਲਾਕ ਲੋਕ ਵੀ "ਸੱਪ" ਹੀ ਹੁੰਦੇ ਹਨ ਅਤੇ ਇਹਨਾਂ ਅਤੇ ਮਨ ਮੁਖ ਤੁਰਕੂਆਂ ਉਤੇ ਇਤਬਾਰ ਨਹੀਂ ਕਰਨਾ ਚਾਹੀਦਾ। ਲੋਕਾਂ ਨੂੰ ਲੁੱਟਣ ਵਾਲੇ ਤੁਰਕੂ ਲੋਕ ਜਿਹੜੇ ਕਿ ਆਪਣੇ ਸੱਕਿਆਂ ਨੂੰ ਵੀ ਲੁੱਟਦੇ ਹਨ ਆਮ ਤੌਰ ਤੇ ਸੱਪ ਆਦਿ ਦੀ ਜੂਨੀ ਵਿਚ ਹੀ ਪੈਂਦੇ ਹਨ।

ਬਾਣੀ ਵਿਚ ਇਹਨਾਂ ਮਨ ਦੇ ਹੋਸ਼ਿਆਰ (ਹੋਸ਼ ਵਾਲੇ) ਲੋਕਾਂ ਬਾਰੇ ਤੁਕ ਹੈ:-

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।।

ਹੋਸ਼ਿਆਰ ਅਤੇ ਚੱਤਰ ਚਲਾਕ "ਦਵੀਜੇ" ਲੋਕ ਭੋਲੇ ਭਾਲੇ "ਇਕੀਜੇ" ਲੋਕਾਂ ਤੇ ਇੰਜ ਕਾਬਜ਼ ਹੁੰਦੇ ਹਨ ਜਿਵੇਂਕਿ ਘਰ ਵਿਚ ਪਿਓ ਆਪਣੇ ਪੁੱਤਰਾਂ ਤੇ ਕਾਬਜ਼ ਹੁੰਦਾ ਹੈ। ਏਸ ਲਈ ਸਿਆਣੇ ਨੂੰ ਪਿੰਡਾਂ ਵਿਚ ਲੋਕੀ "ਬਾਪੂ" ਕਹਿ ਕੇ ਵੀ ਇਜ਼ਤ ਨਾਲ ਬਲਾਉਂਦੇ ਹਨ।

ਇਹ ਮਨ ਦੇ ਜਾਗੇ ਦੋ ਕਿਸਮ ਦੇ ਹੁੰਦੇ ਹਨ:-

1. ਉਹ ਜਿਹੜੇ ਕਿ ਲੋਕਾਂ ਦੀ ਭਲਾਈ ਕਰਦੇ ਹਨ ਉਹਨਾਂ ਨੂੰ ਕਹਿੰਦੇ ਹਨ "ਹੋਲੀ ਫਾਦਰ" ਜਾਂ "ਸਨ ਮੁਖ" ਅਤੇ

2. ਉਹ ਜਿਹੜੇ ਲੋਕਾਂ ਨੂੰ ਲੁੱਟਦੇ ਅਤੇ ਵਿਸ਼ੇ ਕਮਾਉਂਦੇ ਹਨ ਉਹ ਹਨ "ਈਵਲ ਫਾਦਰ" ਜਾਂ "ਮਨ ਮੁਖ"। ਇਹ "ਮਨ ਮੁਖ" ਬੜੇ ਮੌਕਾ ਸ਼ਨਾਖ "ਕੁੱਤੇ ਦੀ ਪੂਛ" ਹੁੰਦੇ ਹਨ ਅਤੇ ਇਹਨਾਂ ਤੇ ਕਦੀ ਵੀ ਇਤਬਾਰ ਨਾ ਕਰੋ।

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ।।

ਇਹ ਮਨ ਮੁਖ ਆਪਣੇ ਰੰਗ ਗਿਰਕਟ ਦੇ ਵਾਂਗ ਬਦਲਦਾ ਹੈ ਜਿਵੇਂਕਿ ਚੱਤਰ ਚਲਾਕਾਂ ਨੇ ਬਦਲੇ ਹਨ। ਸ਼ਹਿਰਾਂ ਦੇ ਲੋਕ ਇਸ ਵਿਚ ਮਾਹਰ ਹਨ ਜਿਵੇਂਕਿ ਖੱਤਰੀਆਂ ਨੇ ਮਾਇਆ ਦੀ ਖਾਤਰ ਬਦਲੇ ਹਨ। ਮੁਗ਼ਲਾਂ ਵੇਲੇ ਖੱਤਰੀ

## ਚਾਰ ਬ੍ਰਿਤੀਆਂ ਅਤੇ ਹੱਜ

ਮੁਹੰਮਦੀਏ ਬਣੇ ਤਾਂ ਕੌਮ ਸ਼ੇਖ ਬਣਾਈ ਅਤੇ ਫਿਰ ਆਲੱਮ ਹੋਏ ਤਾਂ ਕੌਮ ਸਇੱਦ ਬਣਾ ਲਈ। ਇਹਨਾਂ ਬਾਰੇ ਮਸ਼ਹੂਰ ਹੋ ਗਿਆ:-

ਪਹਿਲੇ ਸਾਲ ਸ਼ੇਖ; ਦੂਸਰੇ ਸਾਲ ਸਇੱਦ; ਤੀਸਰੇ ਸਾਲ ਫਿਰ ਸ਼ੇਖ

ਸ਼ੇਖ ਔਰ ਸ਼ੈਤਾਨ ਕਾ ਰੁਤਬਾ ਏਕ ਹੈ;
ਪਰ ਸ਼ੈਤਾਨ (ਕੰਜਰੀਆਂ ਦੇ ਮੁੰਡੇ) ਸ਼ੇਖ ਸੇ ਕੱਦਰੇ ਨੇਕ ਹੈ।

ਪਿੰਡਾਂ ਦੇ ਲੋਕਾਂ ਵਿਚੋਂ ਸੈਣੀ ਕੌਮ ਦੇ ਲੋਕ ਸਬਜ਼ੀਆਂ ਆਦਿ ਵੇਚਨ ਸ਼ਹਿਰ ਜਾਂਦੇ ਸਨ ਅਤੇ ਕੁਝ ਚਲਾਕ ਬਣ ਗਏ। ਇਹਨਾਂ ਨੇ ਵੀ ਖੱਤਰੀਆਂ ਦੀ ਰੀਸੇ ਜੱਦੋਂ ਮੁਹੰਮਦੀਏ ਬਣੇ ਤਾਂ ਆਪਣੀ ਕੌਮ "ਅਰਾਈਂ" ਰੱਖੀ। ਜੁਲਾਹੇ ਕੁਝ ਹੋਰ ਚਲਾਕ ਸਨ ਇਹਨਾਂ ਨੇ ਆਪਣੀ ਕੌਮ ਸਇੱਦ ਰੱਖੀ ਅਤੇ ਧਾਗੇ ਤਵੀਤਾਂ ਨਾਲ ਭੋਲੇ ਭਾਲੇ ਲੋਕ ਵੀ ਲੁੱਟੇ। ਇਹਨਾਂ ਬਾਰੇ ਕਹਾਵਤ ਹੈ:-

ਪਹਿਲੇ ਥੇ ਹਮ ਨੀਮ ਜੁਲਾਹੇ ਫਿਰ ਬਣ ਗਏ ਹਮ ਦਰਜ਼ੀ।
ਚਲਤੇ ਫਿਰਤੇ ਸਇੱਦ ਬਣ ਗਏ ਅੱਗੇ ਅੱਲ੍ਹਾ ਦੀ ਮਰਜ਼ੀ।

ਇਹਨਾਂ ਲੋਕਾਂ ਨੇ ਮੌਕਾ ਸ਼ਨਾਖ਼ੀ ਅਨੁਸਾਰ ਆਪਣੀਆਂ ਕੌਮਾਂ ਖ਼ੁੱਦ ਬੱਦਲੀਆਂ ਅਤੇ ਕੌਮਾਂ ਪਿਓ ਹੋਣ ਕਰਕੇ ਇਹ ਬਦਲੇ ਨਹੀਂ ਜਾਂਦੇ। ਕੌਮ ਬਦਲ ਕੇ ਆਦਮੀ ਖ਼ੁੱਦ ਸ਼ੈਤਾਨ ਦਾ ਪੁੱਤਰ "ਹਰਾਮੀ" ਬਣਦਾ ਹੈ। ਏਸ ਲਈ ਹੱਜ ਵਿਚ ਇਹਨਾਂ ਹਰਾਮੀਆਂ ਦੇ ਬੁੱਤ ਦਾ ਨਾਓ ਹੈ "ਅੱਲ ਜਮਾਰ ਅੱਲ ਵੁਸਤਾ" ਅਤੇ ਏਸ ਦਾ ਬੁੱਤ ਗੱਭੇ ਹੈ। ਇਹ ਸ਼ੈਤਾਨ ਆਮ ਤੌਰ ਤੇ ਮਾਇਆ ਸਬੰਧੀ ਹਨ।

ਪਿੰਡਾਂ ਦੇ ਭੋਲੇ ਭਾਲੇ ਸਾਫ ਦਿਲ ਲੋਕ ਜਿਵੇਂਕਿ ਜੱਟ ਜਦੋਂ ਮਜਬੂਰਣ ਵੀ ਮੁਹੰਮਦੀਏ ਬਣੇ ਤਾਂ ਜੱਟ ਦੇ ਜੱਟ ਹੀ ਰਹੇ।

ਇਹ ਯਾਦ ਰੱਖੋ ਕਿ ਹੁਣ ਬਹੁਤ ਸਾਰੇ ਲੋਕ ਇਹਨਾਂ ਨਵੀਆਂ ਜਾਤਾਂ ਬਾਰੇ ਨਹੀਂ ਜਾਣਦੇ ਹਨ ਅਤੇ ਉਹਨਾਂ ਸਾਰਿਆਂ ਨੂੰ ਸ਼ੈਤਾਨ ਕਹਿਣਾ ਠੀਕ ਨਹੀਂ ਹੈ। ਪਰ ਤੁਸੀ ਕੁੱਝ ਇਹਨਾਂ ਵਿਚੋਂ ਐਸੇ ਲੋਕ ਪਾਓ ਗੇ ਜਿਹਨਾਂ ਨੇ ਆਪਣੀਆਂ ਅੱਸਲੀ ਕੌਮਾਂ ਅਤੇ ਗੋਤਾਂ ਦੇ ਸ਼ਿਜਰੇ ਰੱਖੇ ਹੋਏ ਹਨ ਅਤੇ ਉਹ ਵਿਆਹ ਸ਼ਾਦੀ ਵੇਲੇ ਇਕ ਦੁਏ ਨਾਲ ਮਲਾਉਂਦੇ ਹਨ। ਇਹਨਾਂ ਨੇ ਦੂਸਰਿਆਂ ਦੀਆਂ ਅੱਖਾਂ ਵਿਚ ਧੂੜ ਪਾਉਣ ਲਈ ਆਪਣੇ ਗੋਤ ਆਦਿ ਅਰੱਬਾਂ ਵਾਲੇ, ਅਨਸਾਰੀ, ਜਾਫਰੀ, ਆਦਿ ਰੱਖੇ ਹੋਏ ਹਨ। ਇਹਨੂੰ ਕਹਿੰਦੇ ਹਨ "ਹਾਥੀ ਕੇ ਦਾਂਤ ਖਾਣੇ ਕੇ ਔਰ ਦਖਾਣੇ ਕੇ ਔਰ"। ਇਹ ਹਨ ਅੱਸਲੀ ਸ਼ੈਤਾਨ ਅਤੇ ਖੱਤਰੀ ਕੌਮ ਦੇ ਲੋਕ ਖਾਸ ਕਰ "ਕਰਾੜ" ਅਤੇ ਕਸ਼ਮੀਰ ਦੇ ਇਕ ਨੰਬਰ ਤੇ ਹਨ। ਇਹਨਾਂ ਵਿਚੋਂ ਜਹਿੜੇ ਆਪਣਾ ਗੋਤ ਪੁਸ਼ਤ ਦਰ ਪੁਸ਼ਤ ਬਦਲਦੇ ਹਨ ਉਹਨਾਂ ਸ਼ੈਤਾਨਾਂ ਦਾ ਤਾਂ ਤੁਸੀਂ ਪੁਛੋ ਹੀ ਨਾ।

ਇਹ ਸ਼ੈਤਾਨ ਆਮ ਤੌਰ ਤੇ ਮਾਇਆ ਸਬੰਧੀ ਠੱਗੀ ਦੇ ਬੇਸ਼ਰਮੀ ਵਾਲੇ ਕੰਮ ਕਰਦੇ ਹਨ ਜਿਵੇਂਕਿ ਲਾਲਚੀ ਖੱਤਰੀ ਅਰੋੜੇ ਜਿਨ੍ਹਾਂ ਨੂੰ "ਕਰਾੜ" ਕਹਿੰਦੇ ਹਨ ਨੇ ਇਰਾਨ ਆਦਿ ਮੁਲਕਾਂ ਵਿਚ ਕੀਤਾ ਅਤੇ "ਚੋਰ" ਮਸ਼ਹੂਰ ਹੋਏ ਸਨ। ਪਰ ਇਹਨਾਂ ਵਿਚੋਂ ਜਿਹੜੇ ਰੱਜੇ ਪੁੱਜੇ ਚੌਧਰ ਕਰਨੀ ਚਾਹੁੰਦੇ ਹਨ ਉਹ ਸਿਆਸਤ ਵਿਚ ਭਾਗ ਲੈਣ ਲੱਗ ਪੈਂਦੇ ਹਨ। ਇਹਨਾਂ ਸ਼ੈਤਾਨਾਂ ਦਾ ਵੇਰਵਾ ਇੰਜ "ਬੁੱਧੀ ਬ੍ਰਿਤੀ" ਵਿਚ ਹੈ।

3. ਬੁੱਧੀ ਬ੍ਰਿਤੀ:- ਇਸ ਬਿਰਤੀ ਦੇ ਲੋਕ ਸਿਆਣੇ ਹੋਣ ਕਰਕੇ ਇਹ ਰਾਜਨੀਤਕ ਜਾਂ ਸਿਆਸਤ ਵਿਚ ਭਾਗ ਲੈਣ ਦੇ ਕਾਬਲ ਹੁੰਦੇ ਹਨ ਜਿਵੇਂ ਕਿ ਪਿੰਡਾਂ ਵਿਚ ਪੰਚਾਇਤੀਏ ਆਮ ਤੌਰ ਤੇ ਟੱਬਰਾਂ ਦੇ ਸਿਆਣੇ ਆਦਮੀ ਹੁੰਦੇ ਹਨ।

## *ਚਾਰ ਬ੍ਰਿਤੀਆਂ ਅਤੇ ਹੱਜ*

ਸਿਆਣੇ ਗੋਤਾਂ ਜਾਂ ਟੱਬਰਾਂ ਦੇ ਜ਼ਿੰਮੇਦਾਰ ਲੋਕ ਹੋਣ ਕਰਕੇ ਪੱਗੜੀ ਬੰਨ ਕੇ ਪੰਚਾਇਤ ਵਿਚ ਬੈਠਦੇ ਹਨ। ਇਸ ਲਈ ਪੱਗ ਸਿਆਣਿਆਂ ਲਈ ਹੁੰਦੀ ਹੈ ਨਾਕਿ ਨਿਆਨਿਆਂ ਜਾਂ ਗ਼ੈਰ ਜ਼ਿੰਮੇਦਾਰ ਲੋਕਾਂ ਜਾਂ ਮਡੀਰ ਲਈ।

ਹੁਣ ਜਿਵੇਂ ਪਿੰਡ ਗੋਤਾਂ ਦੇ ਹੁੰਦੇ ਹਨ ਇਵੇਂ ਹੀ ਮੁਲਕ ਇਕ ਜਾਂ ਬੁਹ ਕੌਮਾਂ ਦੇ ਲੋਕਾਂ ਦੇ ਹੁੰਦੇ ਹਨ। ਜਿਵੇਂਕਿ ਅੱਫਗਾਨਿਸਤਾਨ ਅੱਫਗਾਨ ਕੌਮ ਦਾ, ਬਲੋਚਿਸਤਾਨ ਬਲੋਚ ਕੌਮ ਦਾ, ਆਦਿ ਦੇ ਘਰ, "ਫਾਦਰ ਲੈਂਡ", ਹਨ ਅਤੇ ਬੁਹ ਕੌਮਾਂ ਦੇ ਘਰ ਜਿਵੇਂਕਿ ਭਾਰਤ, ਚਾਈਨਾ, ਆਦਿ "ਮਦਰ ਲੈਂਡ" ਹੁੰਦੇ ਹਨ। ਇਸ ਲਈ ਮੁਲਕਾਂ ਦੀ ਸਿਆਸਤ ਵਿਚ ਭਾਗ ਲੈਣ ਵਾਲੇ ਸਿਆਣੇ ਵੀ ਕੌਮਾਂ ਜਾਂ ਕਬੀਲੇਆਂ ਦੇ ਜੁੱਮੇਂਵਾਰ ਚੁਣੇ ਹੋਏ ਆਦਮੀ ਹੋਣੇ ਚਾਹੀਦੇ ਹਨ ਨਾ ਕਿ ਫਰਜ਼ੀ ਗ਼ੈਰ ਜੁੱਮੇਂਵਾਰ ਅਤੇ ਬਰਸਾਤੀ ਖੁੰਬਾਂ ਵਾਂਗ ਨੱਕਲੀ ਪਾਰਟੀਆਂ ਦੇ ਜਿਵੇਂਕਿ ਕਾਂਗਰਸ, ਅਕਾਲੀ, ਕਮਿਊਨਿਸਟ, ਲੇਬਰ, ਗਰੀਨ, ਆਦਿ ਜਿਹਨਾਂ ਦਾ ਕੌਮਾਂ ਨਾਲ ਕੋਈ ਵੀ ਸਬੰਧ ਨਹੀਂ ਹੁੰਦਾ ਹੈ ਅਤੇ ਇਹਨਾਂ ਦੇ ਲੀਡਰ ਪਾਰਟੀ ਬਦੱਲਣ ਵਿਚ ਕੋਈ ਕਸਰ ਨਹੀਂ ਛਡਦੇ। ਇਹ ਹਨ "ਸ਼ੰਕਰ ਵਰਨ" ਦੇ ਅੰਨ੍ਹੇ ਅੱਤਵਾਦੀਆਂ (ਪਹਾੜ) ਦੇ ਆਗੂ ਅਤੇ ਇਹਨਾਂ ਸ਼ੈਤਾਨਾਂ ਦਾ ਬੁਤ ਲੇਹੰਦੀ, ਵੇਸਟ, ਵਲ ਬਨਾਇਆ ਹੈ ਜਹਿੜਾ ਕਿ ਇਕ (ਜਾਨੂਨੀਆਂ ਦੇ) ਪਹਾੜ ਪਿੱਛੇ ਲੱਗਾ ਬਨਾਇਆ ਹੋਇਆ ਸੀ ਪਰ ਅੱਜ ਕਲ ਏਸ ਨੂੰ ਪਹਾੜ ਨਾਲੋਂ ਇਲੇਹਦਾ ਕਰ ਦਿੱਤਾ ਗਇਆ ਹੈ।

ਹੁਣ ਜਿਹੜੇ ਲੋਕ ਗ਼ੈਰ ਮਜ਼ਹਬੀ ਜਮਾਤਾਂ ਦੇ ਲੀਡਰ ਹੁੰਦੇ ਹਨ ਉਹਨਾਂ ਨੂੰ ਕਹਿੰਦੇ ਹਨ "ਅੱਲ ਜਮਾਰ ਅੱਲ ਕੁਬਰਾ" ਅਤੇ ਜਿਹੜੇ ਮਜ਼ਹਬੀ ਰੰਗ ਵਿਚ ਲੋਕਾਂ ਨੂੰ ਪਿੱਛੇ ਲਗਾਉਂਦੇ ਹਨ ਉਹਨਾਂ ਨੂੰ ਕਹਿੰਦੇ ਹਨ "ਅੱਲ ਜਮਾਰ ਅੱਲ ਅੱਕਸਾ"। ਭਾਵ ਕਿ ਇਹ ਕਲਜੁਗ ਦੇ ਅੰਧੇਰੇ (ਮਗ਼ਰਬ) ਦਾ ਪੂਰਾ ਫਾਇਦਾ ਉਠਾਉਂਦੇ ਹਨ ਅਤੇ ਏਸ ਲਈ ਇਹਨਾਂ ਦਾ ਬੁਤ ਵੀ ਮਗ਼ਰਬ ਵਲ ਬਨਾਇਆ ਹੋਇਆ ਹੈ।

ਫਿਰ ਧਾਰਮਕ ਲੋਕ ਆਮ ਤੌਰ ਤੇ ਮਾਇਆ ਤੋਂ ਰਹਿਤ ਹੋਣ ਕਰਕੇ ਇਹਨਾਂ ਦਾ ਸ਼ੈਤਾਨ "ਅੱਲ ਜਮਾਰ ਅੱਲ ਅੱਕਸਾ" ਵੀ ਮਾਇਆ ਤੋਂ ਰਹਿਤ ਇਕ ਵੱਡਾ ਪਖੰਡੀ ਹੁੰਦਾ ਹੈ। ਕਿਉਂਕਿ ਇਹ ਆਪਣੇ ਆਪ ਨੂੰ ਤਿੰਨ ਗੁਨੀ ਮਾਇਆ ਤੋਂ ਰਹਿਤ ਦਿਖਾਉਂਦਾ ਹੈ ਏਸ ਲਈ ਹੱਜ ਦੇ ਪਹਿਲੇ ਦਿਨ ਸੱਤ ਬੱਟੀਆਂ ਇਸ ਸ਼ੈਤਾਨ ਨੂੰ ਹੀ ਪੈਂਦੀਆਂ ਹਨ। ਬਾਕੀ ਦੇ ਤਿੰਨਾਂ ਦਿਨਾਂ ਨੂੰ ਹਰ ਇਕ ਸ਼ੈਤਾਨ ਦੇ ਬੁਤ ਨੂੰ ਸੱਤ ਸੱਤ ਬੱਟੀਆਂ ਪੈਂਦੀਆਂ ਹਨ। ਭਾਵ ਕਿ ਚੌਹਾਂ ਦਿਨਾਂ ਵਿਚ ਸ਼ੈਤਾਨ ਦੇ ਤਿੰਨਾਂ ਬੁੱਤਾਂ ਨੂੰ ਸੱਤਰ ਬੱਟੀਆਂ ਮਾਰੀਦੀਆਂ ਹਨ।

ਏਸ ਲਈ ਮਜ਼ਹਬੀ ਝੱਗੜੇ ਬੁਹਤ ਨੁਕਸਾਨ ਦੇਹ ਹੁੰਦੇ ਹਨ ਅਤੇ ਇਹਨਾਂ ਦਾ ਇਲਾਜ ਹੈ ਰੂਹਾਨੀ ਗਿਆਨ, "ਨਾਮ ਯਾਂ ਗੋਸਪਲ", ਜਿਵੇਂਕਿ ਮੇਰੇ ਪਿਓ ਨੇ ਹਮਲਾ ਆਵਰ ਅਰਾਈਆਂ ਨੂੰ ਸਮਝਾਇਆ ਸੀ ਕਿ ਸਿੱਖ ਮੁਸਲਮਾਨ ਰੂਹਾਂ ਹੁੰਦੀਆਂ ਹਨ ਨਾ ਕਿ ਜਿਸਮ ਜਹਿੜੇ ਜਮਦੇ ਅਤੇ ਮਰਦੇ ਹਨ ਅਤੇ ਏਸ ਫਸਾਦ ਵਿਚ ਅੱਸਾਂ ਜੱਟਾਂ ਨੇ ਮਰਨਾ ਹੈ ਅਤੇ ਤੁਸੀ ਅਰਾਈਆਂ ਨੇ। ਜੇ ਕੋਈ ਦੁਸ਼ਮਣੀ ਹੈ ਤਾਂ ਕੱਢ ਲਵੋ ਇਹ ਬੜਾ ਸੋਹਨਾ ਮੌਕਾ ਹੈ। ਸਾਡੇ ਵਿਚ ਕੋਈ ਦੁਸ਼ਮਣੀ ਨਹੀਂ ਸੀ ਤਾਂ ਉਹ ਦੁਸ਼ਮਣ ਦੀ ਬਜਾਏ ਇਕ ਨੰਬਰ ਦੇ ਦੋਸਤ ਬਣ ਕੇ ਉਹਨਾਂ ਨੇ ਸਾਡੀ ਰੱਖਵਾਲੀ ਕੀਤੀ।

ਇਹਨੂੰ ਕਹਿੰਦੇ ਹਨ:-

ਬੀਓ ਬੀਜ ਪੱਤ ਲੈ ਗਏ ਅੱਬ ਕਿਉਂ ਉਗਵੇ ਦਾਲ

ਹੁਣ ਬੁੱਧੀ ਬ੍ਰਿਤੀ ਦਾ ਸਬੰਧ "ਜੇਰੱਜ ਖਾਨੀ" ਨਾਲ ਹੈ ਅਤੇ ਜਿਹੜੇ ਲੋਕ ਗੁਰਮੁਖ ਹੁੰਦੇ ਹਨ ਉਹਨਾਂ ਨੂੰ ਕਹਿੰਦੇ ਹਨ "ਹੋਲੀ ਗੋਸਟ" ਕਿਉਂਕਿ ਬਾਕੀ ਦੇ ਲੋਕ ਇਹਨਾਂ ਸਿਆਨਿਆਂ ਤੋਂ ਇੰਜ ਡਰਦੇ ਹਨ ਜਿਵੇਂ ਕਿ ਲੋਕ ਭੂਤਾਂ ਤੋਂ ਡਰਦੇ ਹਨ। ਬਾਣੀ ਵਿਚ ਇਹਨਾਂ ਗੁਰਮੁੱਖਾਂ ਬਾਰੇ ਤੁੱਕਾਂ ਆਉਂਦੀਆਂ ਹਨ:-

## *ਚਾਰ ਬ੍ਰਿਤੀਆਂ ਅਤੇ ਹੱਜ*

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।।
ਅਤੇ
ਹਿੰਦੂ (ਇਕੀਜਾ) ਅੰਨ੍ਹਾ ਤੁਰਕੂ (ਦਵੀਜਾ ਮਨ ਮੁਖ ਚਤਰ ਚਲਾਕ) ਕਾਣਾ।। ਦੁਹਾਂ ਤੇ ਗਿਆਨੀ (ਗੁਰਮੁਖ ਹੋਲੀ ਗੋਸਟ) ਸਿਆਣਾ।।

ਜਿਹੜੇ ਗਿਆਨ ਨੂੰ ਉਲਟਾ ਲਗਾਉਂਦੇ ਹਨ ਉਹਨਾਂ ਨੂੰ ਕਹਿੰਦੇ ਹਨ "ਹਿਪੋਕਰੈਟ", ਮਕਾਰ ਜਾਂ "ਕੂੜਿਆਰ"। ਇਹ ਇਕੀਜਾ ਲੋਕਾਂ ਨੂੰ ਮਾਖਿਓ ਮਿਠੇ ਕੂੜਾਂ ਨਾਲ ਜੱਕੜਦੇ ਹਨ ਅਤੇ ਉਹਨਾਂ ਨੂੰ ਅੰਨਿਆਂ ਵਾਂਗ ਆਪਣੇ ਪਿੱਛੇ ਲਗਾਉਂਦੇ ਹਨ।

ਕੂੜਿਆਰ ਆਪਣੀ ਹੀ ਰਜ਼ਾ ਚਲਾਉਂਦੇ ਹਨ ਅਤੇ ਏਸ ਲਈ ਇਹ ਰੂਹਾਨੀ ਵਾਧਾ ਨਹੀਂ ਕਰ ਸਕਦੇ ਹਨ। ਪਰ "ਗੁਰਮੁਖ" ਤੇ ਜੇ ਰਾਮ ਦੀ ਕਿਰਪਾ ਹੋ ਜਾਏ ਤਾਂ ਉਹ ਚੌਥੇ ਪੱਦ ਵਿਚ ਪੁਹੰਚ ਕੇ ਚਿਤ ਬਿਰਤੀ, "*ਹੋਲੀ ਸਪ੍ਰਿਟ*", ਜਿਹੜੀ ਕਿ ਅਕਾਲ ਪੁਰਖ ਦੀ ਸ਼ਕਤੀ ਹੈ, ਦੇ "ਭਗਤ" ਬਣ ਜਾਂਦੇ ਹਨ। ਭਾਵ ਕਿ ਚੌਥੇ ਪੱਦ ਵਿਚ ਆਦਮੀ ਅਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਰਹਿੰਦਾ।

4, ਚਿਤ ਬ੍ਰਿਤੀ:- ਜਿਹੜੇ ਗੁਰਮੁਖ ਮਾਇਆ ਤੋਂ ਰਹਿਤ ਹੋ ਜਾਣ ਅਤੇ ਇਕ ਦਿਲ ਲਾ ਕੇ ਅਕਾਲ ਪੁਰਖ ਦੇ ਬਣ ਜਾਣ ਤਾਂ ਰਾਮ ਦੀ ਕ੍ਰਿਪਾ ਹੋਵੇ ਤਾਂ ਉਹ ਚੌਥੇ ਪੱਦ ਦੇ ਭਗਤ ਹੋ ਜਾਂਦੇ ਹਨ।

ਇਹਨਾਂ ਦਾ ਸਬੰਧ ਚੌਥੀ ਖਾਨੀ "ਸਵੇ ਧੱਜ" ਨਾਲ ਹੈ ਅਤੇ ਇਹ ਵੀ ਆਪਣੇ ਸ਼ਰਧਾਲੂਆਂ ਦਾ ਖਿਆਲ ਇੰਜ ਹੀ ਕਰਦੇ ਹਨ ਜਿਵੇਂ ਅਕਾਲ ਪੁਰਖ ਆਪਣੇ ਭਗਤਾਂ ਦਾ ਕਰਦਾ ਹੈ। ਏਸ ਦੀ ਮਸਾਲ ਹੈ ਸਤਿਗੁਰੂ ਤੇਗ਼ ਬਹਾਦੁਰ ਜੀ ਨੇ ਆਪਣੇ ਸਿੱਖ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਕੰਢੇ ਲਾਉਣਾ।

ਇਹ ਅਕਾਲ ਪੁਰਖ ਦੇ ਡੰਡੋਰਚੀ ਹੁੰਦੇ ਹਨ ਅਤੇ ਇਹਨਾਂ ਬਾਰੇ ਤੁਕ ਹੈ:-

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।।

ਇਹ ਸੱਤਵੈਂ ਕਿਸਮ ਦੇ ਲੋਕ ਸਤਿਪੁਰਖ ਨਾਲ ਇਕ ਮਿਕ ਹੋਏ ਹੁੰਦੇ ਹਨ।

ਬਾਕੀ ਦੀ ਪੌੜੀ ਦੇ ਅਰਥ ਇੰਜ ਹਨ:-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।

ਆਦਮੀ ਸਚਿਆਰਾ ਹੋ ਕੇ ਚੌਥੇ ਪੱਦ ਦਾ ਹੋ ਜਾਂਦਾ ਹੈ ਅਤੇ ਅਕਾਲ ਪੁਰਖ ਨਾਲ ਇਕ ਮਿਕ ਹੋ ਜਾਂਦਾ ਹੈ। ਉਹ ਕਿਵੇਂ:-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।

# ਚਾਰ ਬ੍ਰਿਤੀਆਂ ਅਤੇ ਹੱਜ

ਉਹਦੀ ਰਜ਼ਾ ਜਿਹੜੀ ਕਿ ਹਰ ਇਕ ਸੱਚੇ ਦੇ ਦਿਲ ਵਿਚੋਂ ਅਵਾਜ਼ ਮਾਰਦੀ ਹੈ ਓਸ ਮੁਤਾਬਿਕ ਚਲਣਾ ਨਾ ਕਿ ਕਿਸੇ ਗ੍ਰੰਥੀ, ਮੁੱਲਾ, ਪੋਪ, ਆਦਿ ਦੇ ਕਹਿਣੇ ਲੱਗਣਾ। ਉਹਦੇ ਹੁਕਮ ਅਨੁਸਾਰ ਚੱਲਣ ਨੂੰ "ਇਸਲਾਮ" ਜਾਂ "ਇੰਸ਼ ਅੱਲ੍ਹਾ" ਕਹੀਦਾ ਹੈ। ਅੱਲ ਜਮਾਰ ਅੱਲ ਅੱਕਸਾ ਦੇ ਇਸਲਾਮ ਵਿਚ "ਇੰਸ਼ ਮੁੱਲ੍ਹਾ, ਇੰਸ਼ ਪੋਪ, ਇੰਸ਼ ਜੱਥੇਦਾਰ" ਦੇ ਫਤਵੇ, ਅਡਿਕਟ ਜਾਂ ਹੁਕਮ ਨਾਮੇ ਲਾਗੂ ਹੁੰਦੇ ਹਨ।

ਯਾਹੂਦੀਆਂ ਦੇ ਸੱਤ ਬੱਤੀਆਂ ਵਾਲੇ ਮਨ੍ਹੋਰੇ ਨਾਲ ਇੰਜ ਇਹ ਸਤ ਕਿਸਮਾਂ ਦੇ ਆਦਮੀ ਹਨ:-

ਗਭਲੀ ਮੋਟੀ ਬੱਤੀ ਜਿਸ ਨਾਲ ਬਾਕੀ ਦੀਆਂ ਛੇ ਬੱਤੀਆਂ ਜਗਾਈ ਦੀਆਂ ਹਨ ਹੈ ਸੱਤਵੇਂ ਕਿਸਮ ਦੇ ਆਦਮੀ ਜਿਵੇਂਕਿ ਕਰਾਇਸਟ ਜੀਜ਼ਜ਼, ਸਤਿਗੁਰੂ ਨਾਨਕ ਦੇਵ ਜੀ, ਸੈਂਟ, ਭਗਤ, ਆਦਿ ਜਾਂ ਸਤਿ ਪੁਰਖ।

ਬਾਕੀ ਦੀਆਂ ਬੱਤੀਆਂ ਗਭਲੀ ਨੇੜੇ ਤਿੰਨ ਸੱਜੇ ਪਾਸੇ ਦੀਆਂ "ਹੋਲੀ ਗੋਸਟ ਜਾਂ ਗੁਰਮੁਖ", "ਹੋਲੀ ਫਾਦਰਜ਼ ਜਾਂ ਸਨਮੁਖ" ਅਤੇ "ਹੋਲੀ ਸੰਜ਼ ਜਾਂ ਦੇਵਤੇ" ਅਤੇ ਇਹਨਾਂ ਦੇ ਉਲਟ ਖੱਬੇ ਪਾਸੇ ਹਨ "ਈਵਲ ਸਨਜ਼ ਜਾਂ ਅੱਤਵਾਦੀ", "ਈਵਲ ਫਾਦਰਜ਼ ਜਾਂ ਮਨ ਮੁਖ" ਅਤੇ ਦੂਰ "ਈਵਲ ਗੋਸਟ, ਮਕਾਰ ਜਾਂ ਕੂੜਿਆਰ"।

ਹੁਣ ਇਹ ਚਾਰ ਕਿਸਮਾਂ ਦੇ ਸ਼ੈਤਾਨ ਸਮਝਣ ਤੋਂ ਬਾਦ ਤੁਹਾਨੂੰ ਹੱਜ ਦੀ ਰਸਮ ਪੂਰੀ ਤਰ੍ਹਾਂ ਸਮਝਣ ਵਿਚ ਕੋਈ ਦਿਕੱਤ ਨਹੀਂ ਹੋਵੇ ਗੀ।

ਹੱਜ ਦੀ ਰਸਮ ਪਹਿਲੀ ਮਿਲੱਤ ਦੇ ਅਵਤਾਰ ਹਜ਼ਰਤ ਇਬਰਾਹੀਮ ਜੀ ਨੇ ਚਲਾਈ ਸੀ ਜਿਸ ਵਿਚ ਇਹ ਆਪਣੇ ਪੁੱਤਰ ਇਸ਼ਮਾਇਲ ਜਿਹੜਾ ਕਿ ਅਰਬਾਂ ਦਾ ਵੱਡਾ ਵਡੇਰਾ ਹੋਇਆ ਹੈ ਨੂੰ ਦੁਨੀਆ ਦਾ ਪਹਿਲਾ ਸਬਕ ਦੇਣ ਲਈ ਕੀਤੀ ਸੀ। ਉਹ ਇਹ ਹੈ ਕਿ ਜਦੋਂ ਮਨੁੱਖ ਜਨਮ ਲੈਂਦਾ ਹੈ ਤਾਂ ਉਹ ਆਪਣੀ ਮਰਜ਼ੀ ਨਾਲ ਨਹੀਂ ਬਲਕਿ ਅੱਲ੍ਹਾ ਜਾਂ ਅਕਾਲ ਪੁਰਖ ਦੀ ਰਜ਼ਾ ਮੁਤਾਬਿਕ ਹੀ ਲੈਂਦਾ ਹੈ। ਇਸ ਲਈ ਜਿਹੜਾ ਮਨੁੱਖ ਜਾਨ ਬੁਝ ਕੇ ਅੱਲ੍ਹਾ ਦੀ ਇਹ ਪਹਿਲੀ ਰਜ਼ਾ ਕਬੂਲ ਨਹੀਂ ਕਰਦਾ ਤਾਂ ਉਹ ਅੱਲ੍ਹਾ ਦਾ ਕਦੀ ਵੀ ਨਹੀਂ ਬਣ ਸਕਦਾ ਅਤੇ ਉਹ ਸ਼ੈਤਾਨ ਦਾ ਪੁੱਤਰ ਬਣ ਕੇ ਇਨਸਾਨੀਅਤ ਦੇ ਖਿਲਾਫ ਕੰਮ ਕਰੇਗਾ।

ਇਸ ਹੱਜ ਦੀ ਰਸਮ ਵਿਚ ਇਸ਼ਮਾਇਲ ਨੂੰ ਸ਼ੈਤਾਨ ਚੌਂਹ ਸ਼ਕਲਾਂ ਵਿਚ ਆ ਕੇ ਆਪਣਾ ਚੇਲਾ ਬਨਾਉਣਾ ਚਾਹੁੰਦਾ ਹੈ ਅਤੇ ਹਜ਼ਰਤ ਇਬਰਾਹੀਮ ਜੀ ਦੀ ਸਿਖਸ਼ਾ ਅੰਦਰ ਰਹਿਣ ਕਰਕੇ ਬਾਰਾਂ ਸਾਲਾਂ ਦਾ ਇਸ਼ਮਾਇਲ ਬੱਚਾ ਇਹਨਾਂ ਵਿਚੋਂ ਕਿਸੇ ਵੀ ਸ਼ੈਤਾਨ ਦੇ ਸਬਜ਼ ਬਾਗ਼ ਦਖਾਉਣ ਦੇ ਬਾਵਜੂਦ ਹੱਥ ਨਾ ਆਇਆ ਅਤੇ ਇਸ਼ਮਾਇਲ ਆਪਣੇ ਪਿਓ ਦਾ ਪੁੱਤਰ ਭਾਵ ਕਿ ਇਨਸਾਨ ਦਾ ਪੁੱਤਰ ਹੀ ਬਣਇਆ ਰਿਹਾ।

ਹੁਣ ਇਹ ਸ਼ੈਤਾਨ ਕਿਵੇਂ ਇਸ਼ਮਾਇਲ ਨੂੰ ਆਪਣੇ ਪਿੱਛੇ ਲਗਾਉਣ ਲਈ ਚਾਰੇ ਕਰਦੇ ਹਨ ਉਹ ਇੰਜ ਹੈ:-

1. ਅੱਲ ਜਮਾਰ ਅੱਲ ਦੁਨੀਆ:- ਇਹ ਕਹਿੰਦਾ ਹੈ ਯਾਰ ਤਾਂ ਲੁੱਟ ਮਾਰ, ਚੋਰੀਆਂ, ਆਦਿ ਬੇਸ਼ਰਮ ਹੋਕੇ ਸ਼ਰਾਰਤਾਂ ਕਰਦੇ ਹਨ ਅਤੇ ਪਿਓ ਜਾਂ ਕੌਮ ਦੀ ਪਹਿਚਾਣ ਨਾ ਹੋਣ ਕਰਕੇ ਜੇ ਇਹ ਫੜੇ ਵੀ ਜਾਂਦੇ ਹਨ ਤਾਂ ਇਹਨਾਂ ਨੂੰ ਕੋਈ ਸ਼ਰਮ ਹਿੱਯਾ ਨਹੀਂ ਆਉਂਦੀ ਅਤੇ ਕੰਜਰੀ ਮਾਂ ਨੂੰ ਤਾਂ ਅੱਗੇ ਹੀ ਸ਼ਰਮ ਨਹੀਂ। ਇਹ ਸ਼ੈਤਾਨ ਬੇਸ਼ਰਮ ਹੁੰਦੇ ਹਨ ਅਤੇ ਸ਼ਰਮ ਯਾਂ ਹਿੱਯਾ ਧਰਮ ਦੀ ਬੁਨਿਆਦ ਹੋਣ ਕਰਕੇ ਇਹ ਬੇਸ਼ਰਮ ਲੋਕ ਕਦੀ ਵੀ ਧਰਮੀ ਨਹੀਂ ਹੁੰਦੇ। ਇਹ ਆਪਣੇ ਨਾਓ ਜਾਂ ਗੋਤ ਪੁਸ਼ਤ ਦਰ ਪੁਸ਼ਤ ਬਦਲਦੇ ਹਨ ਤਾਂ ਕਿ ਇਹਾਂ ਨੂੰ ਕੋਈ ਪਹਿਚਾਣ ਵੀ ਨਾ ਸਕੇ। ਏਸ ਲਈ ਆਦਮੀ ਦੇ ਪੁਤੱਰ ਆਦਮੀਆਂ ਵਾਲੇ ਕੰਮ ਆਪਣੇ ਜੁੰਮੇਦਾਰ ਕੌਮੀ ਪਿਓ ਦੀ ਇੱਜ਼ਤ ਜਾਂ ਸ਼ਰਮ ਨੂੰ ਮੁੱਖ ਰਖਦਿਆਂ ਕਰਦੇ ਹਨ ਅਤੇ ਧਰਮੀ ਵੀ ਬਣੇ ਰਹਿੰਦੇ ਹਨ।

2. ਅੱਲ ਜਮਾਰ ਅੱਲ ਵੁੱਸਤਾ:- ਇਹ ਸ਼ੈਤਾਨ ਮੌਕਾ ਸ਼ਨਾਖ, "ਸਾਈਕਿਕ" ਹੁੰਦਾ ਹੈ ਅਤੇ ਜੇ ਕਿਸੇ ਅਮੀਰ ਮੁਲਕ ਵਿਚ ਗਿਆ ਤਾਂ ਇਹ ਆਪਣਾ ਨਾਓ ਵੀ ਉਹਨਾਂ ਨਾਲ ਮਿਲਦਾ ਜੁਲਦਾ ਰੱਖ ਲੈਂਦਾ ਹੈ। ਇਹ ਸ਼ੈਤਾਨ ਆਪਣੀ ਕੌਮ ਪੈਸੇ ਅਤੇ ਵਿਸ਼ੇ ਦੀ ਖਾਤਰ ਬਦਲਦਾ ਹੈ ਜਿਵੇਂ ਕਿ ਖੱਤਰੀਆਂ ਆਦਿ ਨੇ ਆਪਣੀ ਕੌਮ ਸ਼ੈਖ ਆਦਿ ਰੱਖੀ ਅਤੇ ਇਰਾਨ ਵਰਗਿਆਂ ਮੁਲਕਾਂ ਵਿਚ ਆਪਣੀ ਕੌਮ ਜਾਂ ਗੋਤ ਸ਼ਹਿਰਾਂ ਉਪਰ ਰੱਖੇ। ਹੁਣ ਮਾਇਆ ਅਤੇ ਅਕਾਲ ਪੁਰਖ ਦਾ ਜੋੜ ਨਹੀਂ ਹੁੰਦਾ। ਏਸ ਲਈ ਆਪਣੀ ਕਮਾਈ ਹਕ ਹਲਾਲ ਦੀ ਹੋਣੀ ਚਾਹੀਦੀ ਹੈ ਨਾਂ ਕਿ ਬੇਈਮਾਨੀ ਦੀ।

3. ਅੱਲ ਜਮਾਰ ਅੱਲ ਕੁਬਰਾ ਅਤੇ ਅੱਲ ਜਮਾਰ ਅੱਲ ਅੱਕਸਾ:- ਇਹ ਦੋਵੇਂ ਹੀ ਕੱਲਯੁਗ ਦੇ ਖਾਸ ਸ਼ੈਤਾਨ ਹਨ ਅਤੇ ਇਹ ਮਨ ਦੇ ਅੰਨ੍ਹੇ ਜਾਨੂਨੀਆਂ ਦੇ ਪਹਾੜ ਤੋਂ ਬੇਸ਼ਰਮੀ ਵਾਲੇ ਕੰਮ ਕਰਾਉਂਦੇ ਹਨ। ਸਿਆਸਤ ਕੌਮਾਂ ਦੀ ਹੋਣ ਕਰਕੇ ਇਹ ਕਬੀਲਿਆਂ ਦੇ ਆਗੂ ਆਪਣੇ ਲੋਕਾਂ ਨੂੰ ਬਾਇਜ਼ਤ ਜੁੰਮੇਦਾਰ ਕੰਮਾਂ ਵਿਚ ਲਾਉਂਦੇ ਹਨ।

ਜਿਸ ਵੇਲੇ ਇਸ਼ਮਾਇਲ ਨੇ ਇਹ ਚਾਰੇ ਸ਼ੈਤਾਨ ਸੱਤ ਸੱਤ ਵੱਟੇ ਮਾਰ ਕੇ ਭੱਜਾ ਦਿੱਤੇ ਤਾਂ ਸ਼ੈਤਾਨ ਨੇ ਫਿਰ ਚੇਣ ਨਹੀਂ ਲਈ ਅਤੇ ਲੋਕਾਂ ਨੂੰ ਕਹਿਣ ਲੱਗਾ ਕਿ ਪੁੱਤਰ ਦੀ ਪਿਓ ਨਾਲ ਸ਼ਕਲ ਨਹੀਂ ਮਿਲਦੀ ਜੁਲਦੀ ਅਤੇ ਇਹ ਇਕ ਹਰਾਮੀ ਹੈ। ਏਸ ਉਤੇ ਖ਼ੁਦਾ, ਯਾਹਵੇ ਜਾਂ ਬ੍ਰਹਮਾ ਨੇ ਪਿਓ ਅਤੇ ਪੁਤਰ ਦੀ ਸ਼ਕਲ ਇਨ ਬਿਨ ਇਕ ਦੂਏ ਨਾਲ ਮਿਲਦੀ ਜੁਲਦੀ ਕਰ ਦਿੱਤੀ ਤਾ ਕਿ ਕਿਸੇ ਨੂੰ ਕਿਸੇ ਕਿਸਮ ਦਾ ਸ਼ੱਕ ਨਾ ਰਹੇ ਕਿ ਇਹ ਪਿਓ ਪੁਤਰ ਨਹੀਂ ਹਨ। ਇਹ ਹੱਜ ਦਾ ਮਕਸਦ ਵੀ ਦਸਦਾ ਹੈ ਕਿ ਇਸ ਰਸਮ ਵਿਚ ਪੁੱਤਰ ਨੂੰ ਪਿਓ ਦਾ ਬਨਣਾ ਹੁੰਦਾ ਹੈ ਨਾ ਕਿ ਕਿਸੇ ਹੋਰ ਦਾ।

ਹੁਣ ਕਿਉਂਕਿ ਪੁਤਰ ਨੇ ਪਿਓ ਦੇ ਅਧੀਨ ਰਹਿਣਾ ਹੁੰਦਾ ਹੈ ਏਸ ਲਈ ਮੁੰਡੇ ਦਾ ਮੁਨੰਣ ਕੀਤਾ ਗਿਆ ਸੀ ਜਿਵੇਂ ਕਿ ਭਾਰਤ ਵਿਚ ਕਈ ਸਾਧ ਆਪਣੇ ਚੈਲਿਆਂ ਦਾ ਵੀ ਮੁਨੰਣ ਕਰਦੇ ਹਨ। ਏਸ ਮੁਨੰਣ ਦੇ ਬਾਦ ਮੁੰਡਾ ਧਰਮ ਯਾਂ ਇਸਲਾਮ ਦੇ "ਪਹਿਲੇ ਪੱਦ" ਵਿਚ ਪੈਰ ਰੱਖਦਾ ਹੈ ਅਤੇ ਇਸ ਰਸਮ ਦਾ ਨਤੀਜਾ ਜਾਂ ਮੌਰਲ ਮੁਹੰਮੱਦ ਸਾਹਿਬ ਨੇ ਇੰਜ ਦੱਸਿਆ ਹੈ:-

"ਕਹਿ ਇਸਲਾਮਾ; ਅੱਜੇ ਤਾਈਂ ਈਮਾਨ ਦਿਲ ਵਿਚ ਪਰਵੇਸ਼ ਨਹੀਂ ਹੋਇਆ"

ਭਾਵ ਕਿ ਇਸ ਹੱਜ ਦੀ ਰਸਮ ਦੇ ਬਾਦ ਆਦਮੀ ਇਸਲਾਮ ਦੇ "ਦਰਵਾਜ਼ੇ" ਜਾਂ "ਥਰਿਸ਼ਹੋਲਡ" ਤੇ ਹੀ ਪੁਹੰਚਦਾ ਹੈ।

ਹੁਣ ਇਨਸਾਨ ਦੇ ਪੁੱਤਰ ਅਮਨ ਚੈਣ ਨਾਲ ਰਹਿੰਦੇ ਹਨ ਅਤੇ ਅਨਾਜ ਉਗਾ ਕੇ ਬੜੇ ਮਜ਼ੇ ਲੁੱਟਦੇ ਹਨ। ਏਸ ਲਈ ਖ਼ੁਦਾ ਨੇ ਇਹਨਾਂ ਦੋਹਾਂ ਨੂੰ ਇਕ ਬਕਰਾ ਦਿੱਤਾ ਤਾ ਕਿ ਇਹ ਆਪਸ ਵਿਚ ਇਕ ਕਬੀਲੇ ਦੇ ਬਣ ਕੇ ਖ਼ੁਸ਼ੀਆਂ ਮਨਾਉਣ। ਯਾਦ ਰੱਖੋ ਜੱਦੋਂ ਪਾਰਟੀਸ਼ਨ ਵੇਲੇ ਮੇਰੇ ਪਿਓ ਨੇ ਹਮਲਾ ਆਵਰ ਨਕੋਦਰ ਪਿੰਡ ਦੇ ਜ਼ੈਲਦਾਰ ਨੂੰ ਉਹਦੇ ਅਰਾਈ ਪਿਓ ਦਾ ਬਣਾਇਆ ਅਤੇ ਆਪ ਅਸੀਂ ਧੰਨੂਆਣੇ ਦੇ ਜੱਟ ਬਣੇ ਨਾਕਿ ਸਿੱਖ ਅਤੇ ਮੁਸਲਮਾਨ ਤਾਂ ਉਹ ਇਕ ਦੁਸ਼ਮਣ ਦੀ ਬਜਾਏ ਇਕ ਨੰਬਰ ਦਾ ਦੋਸਤ ਬਣਿਆ ਅਤੇ ਸੁਖ ਚੈਣ ਰਹੀ।

ਪਰ ਜਿਹੜੇ ਸ਼ੈਤਾਨ ਦੇ ਪੁੱਤਰ ਹੁੰਦੇ ਹਨ ਉਹ ਨਾ ਆਪ ਚੈਨ ਲੈਂਦੇ ਹਨ ਅਤੇ ਨਾ ਹੀ ਕਿਸੇ ਨੂੰ ਚੈਨ ਲੈਣ ਹੀ ਦਿੰਦੇ ਹਨ ਜਿਵੇਂ ਕਿ ਤੁਸੀ ਅੱਜ ਜੇਰੂਸ਼ਿਲਮ ਵਿਚ ਅਤੇ ਹੋਰ ਮਜ਼ਬੀ ਝੱਗੜਿਆਂ ਵਾਲੇ ਮੁਲਕਾਂ ਵਿਚ ਦੇਖਦੇ ਹੋ। ਯਾਦ ਰੱਖੋ ਕਿ ਇਬਰਾਹਾਮ ਇਕ ਸਿੱਮਾਇਟ ਨਸਲ ਦਾ ਸੀ ਨਾਕਿ ਉਹ ਜਿੱਸਮ ਦਾ ਯਾਹੂਦੀ ਜਾਂ ਮੁਹੰਮਦੀਆ।

## ਚਾਰ ਬ੍ਰਿਤੀਆਂ ਅਤੇ ਹੱਜ

ਹੁਣ ਮੁਸਲਮਾਨ ਇਕ ਪੱਕੇ ਈਮਾਨ ਵਾਲਾ ਆਦਮੀ ਹੁੰਦਾ ਹੈ ਅਤੇ ਇਹ ਸ਼ਰਮਸਾਰ, ਸੱਚਾ, ਸੰਤੋਖੀ ਅਤੇ ਰਹਿਮ ਦਿਲ ਹੁੰਦਾ ਹੈ। ਕਿਉਂਕਿ "ਦਇਆ ਧਰਮ ਕਾ ਪੂਤ" ਹੁੰਦਾ ਹੈ ਏਸ ਲਈ ਅੱਸਲੀ ਮੁਸਲਮਾਨ ਅੱਲ੍ਹਾ ਵਿਚ ਹੁੰਦਾ ਹੈ ਅਤੇ ਅੱਲ੍ਹਾਂ ਉਹਦੇ ਵਿਚ। ਏਦਾਂ ਦੇ ਪੱਕੇ ਇਮਾਨ ਵਾਲੇ ਮੁਸਲਮਾਨ ਨੂੰ ਨਮਾਜ਼ ਪੜਣ ਜਾਂ ਫਾਕੇ ਰਖਣ ਦੀ ਕੋਈ ਲੋੜ ਨਹੀਂ ਹੁੰਦੀ ਕਿਉਂਕਿ ਅੱਲ੍ਹਾ ਉਹਦੇ ਹਿਰਦੇ ਦੀ ਗਲ ਤਾਂ ਅੱਗੇ ਹੀ ਜਾਣਦਾ ਹੈ। ਇਸ ਬਾਰੇ ਭਗਤ ਕਬੀਰ ਜੀ ਕਹਿੰਦੇ ਹਨ:-

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।।
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭਤਿਰਿ ਜੋਇ।।
ਅਤੇ
ਪੂਜਾ ਕਰਉ ਨ ਨਿਵਾਜ ਗੁਜਾਰਉ।।
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ।।

ਫਿਰ ਹੱਜ 12 ਤੋਂ 16 ਸਾਲਾਂ ਦੇ ਮੁੰਡਿਆਂ ਲਈ ਹੁੰਦਾ ਹੈ ਤਾ ਕਿ ਉਹ ਆਪਣੇ ਪਿਉਆਂ ਦੇ ਬਣੇ ਰਹਿਣ ਕਿਉਂਕਿ ਪਿਓ ਨੇ ਆਪਣੀ ਜਾਏਦਾਦ ਆਪਣੇ ਪੁਤੱਰਾਂ ਨੂੰ ਹੀ ਦੇਣੀ ਹੁੰਦੀ ਹੈ ਨਾ ਕਿ ਹੋਰ ਕਿਸੇ ਨੂੰ ਜਾਂ ਸ਼ੈਤਾਨ ਦੇ ਪੁੱਤਰਾਂ ਨੂੰ। ਏਸੇ ਹੀ ਲਈ ਜੱਦੋਂ ਵੀ ਆਈਜ਼ਿਕ ਦੀ ਔਲਾਦ ਜਿਹੜੇ ਕਿ ਆਪਣੇ ਆਪ ਨੂੰ ਅੱਜ ਕਲ ਯਾਹੂਦੀ ਕਹਿਲਾਉਂਦੇ ਹਨ ਇਬਰਾਹੀਮ ਨਾਲ ਆਪਣਾ ਸਬੰਧ ਤੋੜ ਲੈਂਦੇ ਹਨ ਤਾਂ ਉਦੋਂ ਹੀ ਇਹਨਾਂ ਜਿਸਮ ਦੇ ਯਹੂਦੀਆਂ ਨੂੰ ਇਬਰਾਹੀਮ ਦੀ "ਪਰੋਮਿਸਡ ਲੈਂਡ" ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਇਹ ਦੂਸਰੇ ਮੁਲਕਾਂ ਵਿਚ ਧੱਕੇ ਖਾਂਦੇ ਹਨ।

ਯਾਦ ਰੱਖੋ ਕਿ ਇਹਨਾਂ ਚਤਰ ਚਲਾਕ ਯਹੂਦੀਆਂ ਨੇ ਆਪਣੀ ਇਬਰਾਹੀਮ - ਆਈਜ਼ਿਕ ਵਾਲੀ ਹੱਜ ਦੀ ਵਾਰਦਾਤ ਬਦਲੀ ਹੋਈ ਹੈ ਜਿਸ ਵਿਚ ਸ਼ੈਤਾਨ ਨੂੰ ਭੱਜਾਉਣ ਦਾ ਕਿਸਾ ਦਿੱਤਾ ਹੀ ਨਹੀਂ ਅਤੇ ਬਕਰਾ ਖਾਣਾ ਸ਼ੁਰੂ ਕਰ ਦਿੱਤਾ। ਇਹ ਹੈ ਪੁਰਾਣੇ "ਕਪੜੇ", ਸਿਕਰਿਪਚਰ, ਪੋਥੀ ਵਿਚ ਛੇਦ।

ਬਾਕੀ ਇਹ ਪਹਿਲੇ ਪੱਦ ਦਾ ਅੱਸਥਾਨ ਖ਼ੁੱਦਾ ਸਬੰਧੀ ਹੋਣ ਕਰਕੇ ਇਹ "ਆਦਮ ਜਾਂ ਮਹਾਂਦੇਵ" ਦਾ ਮੰਦਰ ਹੈ ਅਤੇ ਅੱਲ੍ਹਾ ਦਾ ਨਹੀਂ। ਏਥੇ ਕਬੀਲਿਆਂ ਦੇ "ਇੱਲਾ" ਜਹਿਨਾਂ ਦਾ ਖ਼ੁੱਦਾ ਨਾਲ ਸਬੰਧ ਹੈ ਰੱਖੇ ਹੁੰਦੇ ਸਨ। ਮੁਸਲਮਾਨ ਤੀਜੇ ਪੱਦ ਦੇ ਇਨਸਾਨ ਹੁੰਦੇ ਹਨ ਅਤੇ ਇਹਨਾਂ ਨੇ ਪਹਿਲੇ ਪੱਦ ਦੀ ਜਮਾਤ ਪਾਸ ਕਰ ਲਈ ਹੁੰਦੀ ਹੈ। ਏਸੇ ਹੀ ਕਰਕੇ ਪਹਿਲਾਂ ਪਹਿਲੇ ਪੱਦ ਦੇ ਬੱਚੇ "ਕਾਬਾ" ਨੂੰ ਸੱਜੇ ਹੱਥ ਰੱਖ ਕੇ ਸੱਤ ਪਰਕਰਮਿਆਂ ਕਰਦੇ ਹੁੰਦੇ ਸਨ ਅਤੇ ਫਿਰ ਤੀਜੇ ਪੱਦ ਦੇ ਮੁਸਲਮਾਨ ਏਸ ਨੂੰ ਖੱਬੇ ਪਾਸੇ ਰੱਖ ਕੇ ਕਰਣ ਲੱਗ ਪਏ ਹਨ । ਏਦਾਂ ਹੀ ਹਰਿਮੰਦਰ ਸਾਹਿਬ ਦੂਸਰੇ ਪੰਥ ਸਿੱਖਾਂ ਦਾ ਅਸਥਾਨ ਹੋਣ ਕਰਕੇ ਸਿੱਖ ਏਸ ਨੂੰ ਸੱਜੇ ਪਾਸੇ ਰੱਖ ਕੇ ਪੰਜ ਵਾਰ ਪਰਕਰਮਿਆਂ ਕਰਦੇ ਹਨ ਅਤੇ ਤੀਜੇ ਪੰਥ ਦੇ ਖਾਲਸੇ ਏਸ ਨੂੰ ਖੱਬੇ ਪਾਸੇ ਰਖ ਕੇ। ਪਰ ਹੁਣ ਖਾਲਸਿਆਂ ਦਾ ਪਿਓ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਤਾਂ ਏਸ ਅਸਥਾਨ ਤੇ ਆਏ ਹੀ ਨਹੀਂ ਸਨ ਪਰ ਇਹ ਉਹਨਾਂ ਦੇ ਪੁੱਤਰ ਖਾਲਸੇ ਉਥੇ ਕੀ ਕਰਣ ਜਾਂਦੇ ਹਨ?

ਹੁਣ "ਇੱਲਾ" ਕਬੀਲਿਆਂ ਦੇ ਵੱਡਾ ਵਡੇਰਿਆਂ ਦਾ "ਦੇਵਤਾ" ਹੁੰਦਾ ਹੈ ਅਤੇ ਇਹਨਾਂ ਤੋਂ ਉੱਪਰ ਹੈ ਰੂਹਾਂ ਦਾ ਸੱਚਾ ਪਿਓ "ਅੱਲ ਇੱਲਾ ਜਾਂ ਅੱਲ੍ਹਾ"। ਕਿਉਂਕਿ ਕਲਜੁਗ ਅਕਾਲ ਪੁਰਖ, ਪਾਰਬ੍ਰਹਮ ਜਾਂ ਅੱਲ੍ਹਾ ਦਾ ਸਮਾ ਹੁੰਦਾ ਹੈ ਏਸ ਲਈ ਸਤਿਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:-

ਕਲਿ ਮਹਿ ਬੇਦੁ ਅਥਰਬਣੁ ਹੁਆ ਨਾਉ ਖੁਦਾਈ ਅਲਹੁ ਭਇਆ।।

## *ਚਾਰ ਬ੍ਰਿਤੀਆਂ ਅਤੇ ਹੱਜ*

ਫਿਰ ਭਗਤ ਕਬੀਰ ਜੀ ਚੌਥੇ ਪੱਦ, ਭਾਵ ਕਿ ਅੱਲ੍ਹਾ ਨਾਲ ਇਕ ਮਿਕ ਸਨ, ਦੇ ਆਦਮੀ ਹੋਣ ਕਰਕੇ ਫਰਮਾਉਂਦੇ ਹਨ:-

ਕਬੀਰ ਹਜਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ।।
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ।।

ਭਾਵ ਕਿ ਹੱਜ ਅੱਲਾ ਦੇ ਭਗਤਾਂ ਲਈ ਨਹੀਂ ਹੁੰਦਾ ਪਰ ਭਗਤ ਐਦਾਂ
ਦੇ ਅੱਸਥਾਵਾਂ ਤੇ ਜਾਕਿ ਆਪਣਾ ਪਰਚਾਰ ਜ਼ਰੂਰ ਕਰਦੇ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।

ਭਾਵਕਿ ਕੁਦਰਤ ਖੁਦਾਏ ਦੀ ਨੂਰ ਅੱਲ੍ਹਾ ਦਾ।

ਆਪ ਜੀ ਦਾ ਸੇਵਕ:-

*ਚੌਧਰੀ ਰਾਜਿੰਦਰ ਨਿੱਝਰ ਜੱਟ*
*ਐਮ.ਏਸ ਸੀ,*
*ਰੀਟਾਇਰਡ ਯੁਨੀਵਰਸਟੀ ਲਕਿਚ੍ਰਰ ਇਨ ਮਟਿਲਰਜੀ,*
*ਸਹਿਜ ਧਾਰੀ ਸਿੱਖ ਅਤੇ ਮੁਸਲਮਾਨ ਪੀਰ ਨਾਨਕ ਸ਼ਾਹ,*
*144, ਹਾਮਿਲਟਨ ਰੋਡ, ਰੈਡਿੰਗ, ਬ੍ਰਕਸ਼ਾਇਰ, ਯੂ.ਕੇ*
*ਟੈਲੀਫੋਨ 0118 962 3200*